# ਮੈਨੁ ਇਸ਼ਕ਼ ਨਚਾਵੇ ਸੋਹਨੇ ਪੀਰ ਦਾ

ਮੈਨੂੰ ਇਸ਼ਕ ਨਚਾਵੇ, ਆਪੇ ਨੱਚ ਹੋਈ ਜਾਵੇ ।
ਹਾਲ, ਬੁੱਲੇ ਵਾਂਗੂ ਹੋ ਗਿਆ, ਫਕੀਰ ਦਾ ।
ਮੈਨੂੰ ਇਸ਼ਕ ਨਚਾਵੇ,
'ਇਸ਼ਕ ਨਚਾਵੇ ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ' ।
ਮੈਨੂੰ 'ਇਸ਼ਕ ਨਚਾਵੇ, ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ' ।॥

ਤੇਰੇ ਪਿਆਰ ਵਿੱਚ ਯਾਰ, ਸਾਨੂੰ ਨੱਚਣਾ ਪਿਆ ॥
*ਬਣ ਕੰਜ਼ਰੀ ॥ ਹਇਆ ਦਾ ਘੁੰਡ,
ਚੁੱਕਣਾ ਪਿਆ,,,
ਮੈਨੂੰ 'ਇਸ਼ਕ ਨਚਾਵੇ, ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ' ।॥

ਏਹ ਪੈ ਗਈ ਆਦਤ, ਪੈਰ ਨੂੰ ਪੁੱਠੀ ।
ਬੂਟਾ ਇਸ਼ਕ ਦਾ ਲਾਵੇ ।
ਏਹ ਪੈ ਗਈ ਆਦਤ, ਪੈਰ ਨੂੰ ਪੁੱਠੀ,
ਬੂਟਾ ਇਸ਼ਕ ਦਾ ਲਾਵੇ ॥
ਜਾ ਕੇ, ਯਾਰ ਦੇ ਬੂਹੇ ਉੱਤੇ ।
ਆਪੇ ਨੱਚ ਹੋ ਜਾਵੇ ।
ਜਾ ਕੇ, ਯਾਰ ਦੇ ਬੂਹੇ ਉੱਤੇ,
ਆਪੇ ਨੱਚ ਹੋ ਜਾਵੇ ॥
ਆਪੇ ਨੱਚ ਹੋ ਜਾਵੇ ।
ਜਦੋਂ ਪਾਵਾਂ ਮੈਂ ਧਮਾਲ,
ਨਭੀ ਨਿੱਕਲਦੀ ਚਾਲ ।
ਹਾਲ ਇਸ਼ਕ 'ਚ ਹੋਇਆ ਏ, ਫ਼ਕੀਰ ਦਾ ।
ਮੈਨੂੰ ਇਸ਼ਕ ਨਚਾਵੇ,
'ਇਸ਼ਕ ਨਚਾਵੇ ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ' ।
ਮੈਨੂੰ 'ਇਸ਼ਕ ਨਚਾਵੇ, ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ' ।॥

ਆ ਕੇ ਇਸ਼ਕ, ਹੱਡਾਂ ਵਿੱਚ ਰਚਿਆ ।
ਭਾਂਬੜ ਇਸ਼ਕ ਲਗਾਵੇ ।
ਆ ਕੇ ਇਸ਼ਕ, ਹੱਡਾਂ ਵਿੱਚ ਰਚਿਆ,
ਭਾਂਬੜ ਇਸ਼ਕ ਲਗਾਵੇ ॥
ਯਾਦ ਸੱਜਣ ਦੀ, ਟਿੱਕਣ ਨਾ ਦੇਂਦੀ ।
ਇੱਕ ਪਲ ਚੈਨ ਨਾ ਆਵੇ ।
ਯਾਦ ਸੱਜਣ ਦੀ, ਟਿੱਕਣ ਨਾ ਦੇਂਦੀ,
ਇੱਕ ਪਲ ਚੈਨ ਨਾ ਆਵੇ ॥
ਇੱਕ ਪਲ ਚੈਨ ਨਾ ਆਵੇ ।
ਪਾਇਆ ਜਦੋਂ ਦਾ ਪਿਆਰ,

ਹੈ ਨਚਾਉਂਦਾ ਸੋਹਣਾ ਯਾਰ।
ਲੁੱਕ ਛੁੱਪ ਕੇ, ਨਿਸ਼ਾਨਾ ਮਾਰੇ, ਤੀਰ ਦਾ।
ਮੈਨੂੰ ਇਸ਼ਕ ਨਚਾਵੇ,
‘ਇਸ਼ਕ ਨਚਾਵੇ ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ’।
ਮੈਨੂੰ ‘ਇਸ਼ਕ ਨਚਾਵੇ, ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ’ ।।।

ਏਹ ਇਸ਼ਕ ਨੇ, ਸਈਅਦ ਬੁੱਲ੍ਹਾ।
ਕੰਜ਼ਰੀ ਨਾਚ ਨਚਾਇਆ।
ਏਹ ਇਸ਼ਕ ਨੇ, ਸਈਅਦ ਬੁੱਲ੍ਹਾ,
ਕੰਜ਼ਰੀ ਨਾਚ ਨਚਾਇਆ ॥
ਸਾਂਵੇ ਸੂਹੇ, ਕੱਪੜੇ ਪਾ ਕੇ।
ਸ਼ਾਹ ਇਨਾਇਤ ਦਰ ਆਇਆ।
ਸਾਂਵੇ ਸੂਹੇ, ਕੱਪੜੇ ਪਾ ਕੇ,
ਸ਼ਾਹ ਇਨਾਇਤ ਦਰ ਆਇਆ ॥
ਸ਼ਾਹ ਇਨਾਇਤ ਦਰ ਆਇਆ।
ਆ ਕੇ, ਮਾਰੀ ਜਦੋਂ ਅੱਡੀ,
ਬੁੱਲੇ ਅੱਤ ਕਰ ਛੱਡੀ।
ਹਾਲ ਦੇਖ ਨਹੀਂਓਂ ਹੁੰਦਾ ਸੀ, ਫਕੀਰ ਦਾ।
ਮੈਨੂੰ ਇਸ਼ਕ ਨਚਾਵੇ,
‘ਇਸ਼ਕ ਨਚਾਵੇ ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ’।
ਮੈਨੂੰ ‘ਇਸ਼ਕ ਨਚਾਵੇ, ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ’ ।।।

ਯਾਰ ਦਿਵਾਨਿਆ, ਤਨ ਮਨ ਮੇਰਾ।
ਪੀਰ ਦੇ ਰੰਗ ਵਿੱਚ ਰੰਗਿਆ।
ਯਾਰ ਦਿਵਾਨਿਆ, ਤਨ ਮਨ ਮੇਰਾ,
ਪੀਰ ਦੇ ਰੰਗ ਵਿੱਚ ਰੰਗਿਆ ॥
ਏਹ ਦੁਨੀਆਂ ਨੇ, ਲੱਖ ਤਾਹਨੇ ਮਾਰੇ।
ਨੱਚਣੋਂ ਮੂਲ ਨਾ ਸੰਗਿਆ।
ਏਹ ਦੁਨੀਆਂ ਨੇ, ਲੱਖ ਤਾਹਨੇ ਮਾਰੇ,
ਨੱਚਣੋਂ ਮੂਲ ਨਾ ਸੰਗਿਆ ॥
ਨੱਚਣੋਂ ਮੂਲ ਨਾ ਸੰਗਿਆ।
ਦੇਵੇ ਨੱਚ ਕੇ ਦੁਹਾਈ,
ਜਿੰਦ ਯਾਰ ਨਾਲ ਮਿਲਾਈ।
ਆਵੇ ਅਕਮਲ ਵਕਤ, ਅਖ਼ੀਰ ਦਾ।
ਮੈਨੂੰ ਇਸ਼ਕ ਨਚਾਵੇ,
‘ਇਸ਼ਕ ਨਚਾਵੇ ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ’।
ਮੈਨੂੰ ‘ਇਸ਼ਕ ਨਚਾਵੇ, ਸੋਹਣੇ ਪੀਰ ਦਾ,
ਮੈਨੂੰ ਇਸ਼ਕ ਨਚਾਵੇ’ ।।।

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/23600/title/mainu-ishq-nachaave-sohne-peer-da

अपने Android मोबाइल पर BhajanGanga App डाउनलोड करें और भजनों का आनंद ले |